C Branch Letter/2018-19

ਦਫ਼ਤਰ : ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ, ਮਾਨਸਾ।

ਟੈਲੀਫੋਨ\ਫੈਕਸ ਨੰ: 01652-232119

E Mail ID :- ee.pd.mns.pwd@punjab.gov.in

xen.mansa@gmail.com

---

ਪੱਤਰ ਨੰਬਰ .873.......

ਮਿਤੀ...5/4/2018...

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.),
ਮਾਨਸਾ।
ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.),
ਮਾਨਸਾ।

10018
9/4/18

ਵਿਸ਼ਾ :- ਪ੍ਰਾਈਵੇਟ ਸਕੂਲਾਂ ਦੀਆਂ ਬਿਲਡਿੰਗਾਂ ਦੇ ਸੇਫ਼ਟੀ ਸਰਟੀਫਿਕੇਟਾਂ ਸਬੰਧੀ।

ਇਹ ਆਮ ਦੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਪ੍ਰਾਈਵੇਟ ਸਕੂਲਾਂ ਵੱਲੋਂ ਸਾਲ ਦੇ ਅਖੀਰ ਵਿੱਚ ਅਤੇ ਅਖੀਰਲੇ ਦਿਨਾਂ ਵਿੱਚ ਹੀ ਬਿਲਡਿੰਗ ਸੇਫ਼ਟੀ ਸਰਟੀਫਿਕੇਟਾਂ ਲਈ ਅਪਲਾਈ ਕੀਤਾ ਜਾਂਦਾ ਹੈ ਜਿਸ ਕਾਰਨ ਇਸ ਦਫ਼ਤਰ ਦੇ ਫੀਲਡ ਅਧਿਕਾਰੀਆਂ/ਕ੍ਰਮਚਾਰੀਆਂ ਨੂੰ ਫੀਲਡ ਵਿੱਚ ਵਿਜ਼ਟ ਕਰਨਾਂ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਆਪ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਸਾਰੇ ਪ੍ਰਾਈਵੇਟ ਸਕੂਲਾਂ ਨੂੰ ਆਪਣੇ ਪੱਧਰ ਤੇ ਹਦਾਇਤ ਕੀਤੀ ਜਾਵੇ ਕਿ ਬਿਲਡਿੰਗ ਸੇਫ਼ਟੀ ਸਰਟੀਫਿਕੇਟ ਪ੍ਰਾਪਤ ਕਰਨ ਸਬੰਧੀ 28/02/2019 ਤੋਂ ਪਹਿਲਾਂ ਪਹਿਲਾਂ ਅਪਲਾਈ ਕਰਨਾਂ ਯਕੀਨੀ ਬਣਾਇਆ ਜਾਵੇ। ਇਸ ਤੋਂ ਬਾਅਦ ਪ੍ਰਾਪਤ ਹੋਏ ਕੋਈ ਵੀ ਬਿਲਡਿੰਗ ਸੇਫ਼ਟੀ ਸਰਟੀਫਿਕੇਟ ਦੇ ਕੇਸ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਇਸ ਪੱਤਰ ਦੀ ਪ੍ਰਾਪਤੀ ਰਸੀਦ ਮੁੜਦੀ ਡਾਕ ਇਸ ਦਫ਼ਤਰ ਨੂੰ ਭੇਜੀ ਜਾਵੇ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,
ਮਾਨਸਾ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਮਾਨਸਾ

ਮਿਤੀ :09/4/2018

ਪਿੱਠ ਅੰਕਣ ਨੰ: ਲੇਖਾ 1/1-14

1) ਉਪਰੋਕਤ ਦਾ ਉਤਾਰਾ ਜਿਲੇ ਦੇ ਸਮੂਹ ਸਕੂਲ ਮੁਖੀਆ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਸਕੂਲ ਦੇ ਨੇੜੇ ਦੇ ਪ੍ਰਾਈਵੇਟ ਸਕੂਲਾਂ ਨੂੰ ਸੂਚਿਤ ਕੀਤਾ ਜਾਵੇ ਕਿ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 28/02/2019 ਤੋ ਪਹਿਲਾ ਪਹਿਲਾ ਅਪਲਾਈ ਕਰਨਾ ਯਕੀਨੀ ਬਣਾਇਆ ਜਾਵੇ। ਉਨਾਂ ਦੇ ਧਿਆਨ ਵਿੱਚ ਇਹ ਵੀ ਲਿਆ ਦਿੱਤਾ ਜਾਵੇ ਕਿ [redacted] ਇਸਤੋਂ ਬਾਅਦ ਕਿਸੇ ਸਰਟੀਫਿਕੇਟ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

2) ਕਾਰਜਕਾਰੀ ਇਜਨੀਅਰ ਲੋਕ ਨਿ:ਵਿ:ਭ ਤੇ ਮ ਸਾਖਾ ਮਾਨਸਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਜਿਲਾ ਸਿੱਖਿਆ ਅਫਸਰ (ਸੈਸਿ)
ਮਾਨਸਾ

Scanned by CamScanner

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਂ.ਸਿੱ:), ਪੰਜਾਬ, ਐਸ.ਏ.ਐਸ ਨਗਰ**

ਵੱਲ :-

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) (ਨੋਟਿਸ ਬੋਰਡ ਰਾਹੀਂ)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) (ਨੋਟਿਸ ਬੋਰਡ)
ਸਮੂਹ ਸਕੂਲ ਮੁਖੀ (ਵੈਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ. ੧/੧-੨੦੧੮ ਬਜਟ(੫)/1655-1698 ਮਿਤੀ :- 5.04.2018

**ਵਿਸ਼ਾ :- ਸਕੂਲ ਵਿੱਚ ਬਿਜਲੀ ਦੇ ਮੀਟਰ ਪਿੰਡ ਦੀ ਪੰਚਾਇਤ ਦੇ ਨਾਮ ਕਰਵਾਉਣ ਸਬੰਧੀ।**

1) ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2) ਸਮੇਂ ਸਮੇਂ ਤੇ ਸਕੂਲ ਮੁਖੀਆਂ ਵਲੋਂ ਬਾਰ ਬਾਰ ਹੈੱਡ ਆਫਿਸ ਦੇ ਧਿਆਨ ਵਿੱਚ ਲਿਆਂਦਾਂ ਜਾਂਦਾ ਹੈ ਕਿ ਸਕੂਲਾਂ ਵਿੱਚ ਬਿਜਲੀ ਦੇ ਬਿਲ ਪੈਡਿੰਗ ਪਏ ਹਨ ਅਤੇ ਜਿਸ ਦਾ ਮੁੱਖ ਕਾਰਨ ਸਕੂਲਾਂ ਵਿੱਚ ਵਿਭਾਗ ਵੱਲੋਂ ਵੱਖਰੇ ਤੌਰ ਤੇ ਬਿਜਲੀ ਦੇ ਬਿਲ ਦਾ ਵੱਖਰੇ ਤੌਰ ਤੇ ਕੋਈ ਗ੍ਰਾਂਟ/ਫੰਡ ਦਾ ਉਪਲੱਬਧ ਨ ਹੋਣਾ ਹੈ। ਪਰ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਿੱਖਿਆ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਤੋਂ ਉਤਸ਼ਾਹਿਤ ਹੋ ਕੇ ਬਹੁਤ ਸਾਰੀਆਂ ਪਿੰਡਾਂ ਦੀ ਪੰਚਾਇਤਾਂ ਸਕੂਲਾਂ ਦੇ ਬਿਜਲੀ ਦੇ ਬਿਲ ਭਰਣ ਲਈ ਤਿਆਰ ਹਨ ਪ੍ਰੰਤੂ ਬਿਜਲੀ ਦਾ ਮੀਟਰ ਪੰਚਾਇਤ ਦੇ ਨਾਮ ਨ ਹੋਣ ਕਾਰਣ, ਆਡਿਟ ਇਤਰਾਜ ਲੱਗ ਜਾਂਦੇ ਹਨ।

3) ਉਪਰੋਕਤ ਮਸਲੇ ਨੂੰ ਵਿਚਾਰਦੇ ਹੋਏ ਵਿਭਾਗ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਜਿਹੜੀਆਂ ਪੰਚਾਇਤਾਂ, ਸਕੂਲ ਦੀ ਬਿਹਤਰੀ ਅਤੇ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਪਿੰਡ ਦੇ ਸਕੂਲ ਦਾ ਬਿਜਲੀ ਦਾ ਬਿਲ ਭਰਨਾ ਚਾਹੁੰਦੀਆ ਹਨ, ਉਹਨਾਂ ਸਕੂਲਾਂ ਦੇ ਮੀਟਰ ਸਕੂਲ ਮੁਖੀ, ਪੰਚਾਇਤ ਦੇ ਨਾਮ ਕਰਵਾ ਦੇਣ ਤਾਂ ਕਿ ਪੰਚਾਇਤਾਂ ਬਿਜਲੀ ਦਾ ਬਿਲ ਭਰ ਸਕਣ ਅਤੇ ਵਿਦਿਆਰਥੀ ਇਸ ਦਾ ਲਾਭ ਉਠਾ ਸਕਣ।

**ਡੀ.ਪੀ.ਆਈ (ਸੈ.ਸਿੱ)**
**ਪੰਜਾਬ**

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਮਾਨਸਾ

ਮਿਤੀ :09/4/2018

ਪਿੱਠ ਅੰਕਣ ਨੰ: ਲੇਖਾ 1/1 -121

1) ਉਪਰੋਕਤ ਦਾ ਉਤਾਰਾ ਜਿਲੇ ਦੇ ਸਮੂਹ ਸਕੂਲ ਮੁਖੀਆ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਕਰਦੇ ਹੋਏ ਨਿੰਜੀ ਦਿਲਚਸਪੀ ਲੈਦੇ ਹੋਏ ਪੱਤਰ ਨੂੰ ਅਮਲ ਵਿੱਚ ਲਿਆਦਾ ਜਾਵੇ।

ਜਿਲਾ ਸਿੱਖਿਆ ਅਫਸਰ (ਸੈਸਿ)
ਮਾਨਸਾ